ਡਿਸਏਬਿਲਟੀ ਅਲਾਇੰਸ ਬੀ ਸੀ

# 7 ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2023

# ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਸਿਹਤ ਸਪਲੀਮੈਂਟ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਜੇ ਤੁਹਾਨੂੰ ਕੋਈ ਡਿਸਏਬਿਲਟੀ (ਅਪਾਹਜਤਾ) ਹੈ ਤਾਂ ਤੁਸੀਂ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਤੋਂ ਕਈ ਮੈਡੀਕਲ ਸੇਵਾਵਾਂ ਅਤੇ ਸਪਲਾਈ ਲੈਣ ਦੇ ਯੋਗ ਹੋ ਸਕਦੇ ਹੋ। ਡਿਸਏਬਿਲਟੀ ਅਲਾਇੰਸ ਬੀ ਸੀ ਨੇ ਇਹ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਸਿਹਤ (ਹੈਲਥ) ਸਪਲੀਮੈਂਟਸ ਬਾਰੇ ਇਹ ਹੈਲਪ ਸ਼ੀਟ ਤਿਆਰ ਕੀਤੀ ਹੈ ਕਿ ਤੁਸੀਂ ਐੱਮ ਐੱਸ ਡੀ ਪੀ ਆਰ ਤੋਂ ਕਿਹੜੀਆਂ ਸੇਵਾਵਾਂ ਅਤੇ ਸਪਲਾਈ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਤੁਹਾਨੂੰ ਇੱਥੇ ਦੱਸੀਆਂ ਗਈਆਂ ਸੇਵਾਵਾਂ ਅਤੇ ਕਿਸੇ ਵੀ ਸਪਲਾਈ ਬਾਰੇ ਐੱਮ ਐੱਸ ਡੀ ਪੀ ਆਰ ਨਾਲ ਗੱਲ ਕਰਨੀ ਚਾਹੀਦੀ ਹੈ। ਉਹ ਤੁਹਾਨੂੰ ਇਹ ਦੱਸ ਸਕਦੇ ਹਨ ਕਿ ਤੁਸੀਂ ਉਨ੍ਹਾਂ ਲਈ ਅਪਲਾਈ ਕਿਵੇਂ ਕਰਨਾ ਹੈ। ਜਦੋਂ ਤੁਸੀਂ ਮਨਿਸਟਰੀ ਕੋਲ ਪੇਪਰ (ਡਾਕੂਮੈਂਟਸ) ਦਰਜ ਕਰਵਾਉਂਦੇ ਹੋ ਤਾਂ ਤਾਰੀਕ ਦੀ ਮੋਹਰ ਵਾਲੀ ਕਾਪੀ ਲੈਣਾ ਯਾਦ ਰੱਖੋ ਜਾਂ ਆਪਣੇ ਰਿਕਾਰਡਾਂ ਲਈ ਪੇਪਰਾਂ ਦੇ ਨਾਲ ਨਾਲ ਫੈਕਸ ਕਨਫਰਮੇਸ਼ਨ ਸ਼ੀਟ ਆਪਣੇ ਕੋਲ ਰੱਖੋ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਸਰਵਿਸ ਅਤੇ ਸਪਲਾਈ ਲਈ ਤੁਹਾਡੇ ਵਲੋਂ ਖਰਚੇ ਗਏ ਪੈਸੇ ਐੱਮ ਐੱਸ ਡੀ ਪੀ ਆਰ ਤੁਹਾਨੂੰ ਵਾਪਸ ਨਹੀਂ ਕਰੇਗੀ। ਇਸ ਹੈਲਪ ਸ਼ੀਟ ਵਿਚ ਦੱਸੇ ਗਏ ਬਹੁਤੇ ਸਪਲੀਮੈਂਟਾਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਮਨਿਸਟਰੀ ਵਲੋਂ ਮਨਜ਼ੂਰੀ ਦਿੱਤੇ ਜਾਣਾ ਜ਼ਰੂਰੀ ਹੈ। ਇਸ ਦੇ ਨਾਲ ਹੀ, ਇਹ ਸਪਲੀਮੈਂਟ ਦਿੱਤੇ ਜਾਣ ਤੋਂ ਪਹਿਲਾਂ ਤੁਹਾਨੂੰ ਇਹ ਪੁੱਛਿਆ ਜਾ ਸਕਦਾ ਹੈ ਕਿ ਕੀ ਤੁਸੀਂ ਇਸ ਦਾ ਖਰਚਾ ਆਪ ਦੇ ਸਕਦੇ ਹੋ।

## ਕੌਣ ਹੱਕਦਾਰ ਹੈ?

ਤੁਸੀਂ ਐੱਮ ਐੱਸ ਡੀ ਪੀ ਆਰ ਤੋਂ ਵੱਖ ਵੱਖ ਸਿਹਤ ਸਪਲੀਮੈਂਟਾਂ ਲਈ ਹੱਕਦਾਰ ਹੋ ਸਕਦੇ ਹੋ ਜੇ ਅੱਗੇ ਲਿਖਿਆਂ ਵਿੱਚੋਂ ਕੋਈ ਵੀ ਗੱਲ ਤੁਹਾਡੀ ਹਾਲਤ ਬਾਰੇ ਦੱਸਦੀ ਹੈ:

- ਤੁਸੀਂ ਪਰਸਨਜ਼ ਵਿਦ ਡਿਸਏਬਿਲਟੀ (ਪੀ ਡਬਲਯੂ ਡੀ) ਭੱਤਾ ਲੈ ਰਹੇ ਹੋ
- ਤੁਸੀਂ ਪੀ ਡਬਲਯੂ ਡੀ ਲੈਣ ਵਾਲੇ ਵਿਅਕਤੀ ’ਤੇ ਨਿਰਭਰ ਹੋ
- ਤੁਸੀਂ ਸਿੰਗਲ (ਇਕੱਲੇ) ਹੋ ਜੋ ਕਿ ਪਰਸਨਜ਼ ਵਿਦ ਪਰਸਿਸਟੈਂਟ ਐਂਡ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਭੱਤਾ ਲੈ ਰਹੇ ਹੋ
- ਤੁਸੀਂ ਕਿਸੇ ਅਜਿਹੇ ਪਰਿਵਾਰ ਵਿਚ ਰਹਿ ਰਹੇ ਹੋ ਜਿੱਥੇ ਇਕ ਜਾਂ ਜ਼ਿਆਦਾ ਬਾਲਗ ਪੀ ਪੀ ਐੱਮ ਬੀ ਲੈ ਰਹੇ ਹਨ



ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ ’ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ ’ਤੇ ਤਾਰੀਕ ਚੈੱਕ ਕਰੋ।

- ਤੁਸੀਂ ਖਾਸ ਸੰਭਾਲ ਕਰਨ ਵਾਲੀ ਕਿਸੇ ਥਾਂ 'ਤੇ ਰਹਿੰਦੇ ਹੋ ਜਾਂ ਜੇ ਤੁਹਾਨੂੰ ਐਕਸਟੈਂਡਿਡ ਕੇਅਰ (ਵਾਧੂ ਸੰਭਾਲ) ਲਈ ਹਸਪਤਾਲ ਵਿਚ ਦਾਖਲ ਕੀਤਾ ਗਿਆ ਹੈ
- ਤੁਸੀਂ ਖਾਸ ਸੰਭਾਲ ਵਿਚਲੇ ਕਿਸੇ ਵਿਅਕਤੀ 'ਤੇ ਨਿਰਭਰ ਹੋ।

## ਮੈਡੀਕਲ ਸਰਵਿਸਿਜ਼ ਓਨਲੀ (ਐੱਮ ਐੱਸ ਓ)

ਤੁਸੀਂ ਐੱਮ ਐੱਸ ਡੀ ਪੀ ਆਰ ਤੋਂ ਸਿਹਤ ਸਪਲੀਮੈਂਟਾਂ ਲਈ ਹੱਕਦਾਰ ਹੋਵੋਗੇ ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਸ਼੍ਰੇਣੀ ਵਿਚ ਆਉਂਦੇ ਹੋ:

- ਕੰਮ ਕਰਨ ਕਰਕੇ ਤੁਸੀਂ ਪੀ ਡਬਲਯੂ ਡੀ ਭੱਤੇ ਲੈਣ ਤੋਂ ਹਟ ਗਏ ਹੋ ਅਤੇ ਤੁਸੀਂ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਪ੍ਰੀਮੀਅਮ ਅਸਿਸਟੈਂਸ ਲੈਣ ਦੇ ਯੋਗ ਹੋ
- ਤੁਸੀਂ ਪੀ ਡਬਲਯੂ ਡੀ ਜਾਂ ਪੀ ਪੀ ਐੱਮ ਬੀ ਭੱਤੇ ਲੈ ਰਹੇ ਸੀ ਅਤੇ ਤੁਹਾਡੀ ਉਮਰ 65 ਸਾਲ ਹੋ ਗਈ ਹੈ, ਅਤੇ ਤੁਸੀਂ ਗੁਰਾਂਟਿਡ ਇਨਕਮ ਸਪਲੀਮੈਂਟ ਜਾਂ ਫੈਡਰਲ ਸਪਾਊਸਿਜ਼ ਅਲਾਊਂਸ ਲੈਣ ਦੇ ਹੱਕਦਾਰ ਹੋ
- ਤੁਸੀਂ ਪੀ ਡਬਲਯੂ ਡੀ ਭੱਤੇ ਲੈ ਰਹੇ ਸੀ, ਪਰ ਤੁਸੀਂ ਪ੍ਰੋਗਰਾਮ ਛੱਡ ਦਿੱਤਾ ਹੈ ਕਿਉਂਕਿ ਤੁਹਾਡੇ ਸੀ ਪੀ ਪੀ ਡਿਸਏਬਿਲਟੀ ਭੱਤੇ, ਪੀ ਡਬਲਯੂ ਡੀ ਦੇ ਰੇਟ ਨਾਲੋਂ ਜ਼ਿਆਦਾ ਹਨ
- ਤੁਸੀਂ ਪੀ ਡਬਲਯੂ ਡੀ ਭੱਤੇ ਲੈ ਰਹੇ ਸੀ, ਪਰ ਤੁਸੀਂ ਪ੍ਰੋਗਰਾਮ ਛੱਡ ਦਿੱਤਾ ਹੈ ਕਿਉਂਕਿ ਤੁਹਾਡੀ ਫੈਮਿਲੀ ਮੇਨਟੇਨੈਂਸ ਇਨਕਮ ਜਾਂ ਐੱਮ ਸੀ ਐੱਫ ਡੀ ਦੇ ਜਵਾਨ ਬਾਲਗਾਂ ਨਾਲ ਐਗਰੀਮੈਂਟਾਂ ਹੇਠ ਵਿੱਤੀ ਮਦਦ ਪੀ ਡਬਲਯੂ ਡੀ ਦੇ ਰੇਟ ਨਾਲੋਂ ਜ਼ਿਆਦਾ ਹੈ
- ਤੁਸੀਂ 2002 ਤੋਂ ਪਹਿਲਾਂ ਐੱਮ ਐੱਸ ਓ ਭੱਤੇ ਲੈ ਰਹੇ ਸੀ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਸਿਹਤ ਸਪਲੀਮੈਂਟ ਲਈ ਅਪਲਾਈ ਕਰਨ ਵੇਲੇ ਐੱਮ ਐੱਸ ਡੀ ਪੀ ਆਰ ਐਪਲੀਕੇਸ਼ਨ ਕਰਨ ਵਾਲਿਆਂ ਨੂੰ ਆਪਣੀ ਵਿੱਤੀ ਲੋੜ ਦਿਖਾਉਣ ਲਈ ਕਹਿ ਸਕਦੀ ਹੈ।

ਪਰ, ਤੁਸੀਂ ਇਹ ਲੈਣ ਦੇ ਹੱਕਦਾਰ **ਨਹੀਂ** ਹੋਵੋਗੇ:

- ਡਾਇਟ (ਖੁਰਾਕ) ਸਪਲੀਮੈਂਟ
- ਮਹੀਨਾਵਾਰ ਖੁਰਾਕੀ ਤੱਤਾਂ ਲਈ ਸਪਲੀਮੈਂਟ
- ਨੇਟਲ ਸਪਲੀਮੈਂਟ।

## ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਸਿੱਧੀ ਅਤੇ ਅਟੱਲ ਲੋੜ

ਐੱਮ ਐੱਸ ਡੀ ਪੀ ਆਰ ਖਾਸ ਸਿਹਤ ਸਪਲੀਮੈਂਟ ਮਨਜ਼ੂਰ ਕਰ ਸਕਦੀ ਹੈ – ਮੈਡੀਕਲ ਸਪਲਾਈ, ਮੈਡੀਕਲ ਸਾਜ਼-ਸਾਮਾਨ ਅਤੇ ਯੰਤਰ, ਮੈਡੀਕਲ ਆਵਾਜਾਈ – ਭਾਵੇਂ ਤੁਸੀਂ ਆਮ ਤੌਰ 'ਤੇ ਸਿਹਤ ਕਵਰੇਜ ਲਈ ਯੋਗ ਨਾ ਵੀ ਹੋਵੋ ਜੇ ਅੱਗੇ ਲਿਖੀਆਂ ਹਾਲਤਾਂ ਲਾਗੂ ਹੁੰਦੀਆਂ ਹਨ:

- ਤੁਹਾਨੂੰ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਸਿੱਧੀ ਅਤੇ ਅਟੱਲ ਲੋੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ
- ਇਹ ਲੋੜ ਪੂਰੀ ਕਰਨ ਲਈ ਤੁਹਾਡੇ ਕੋਲ ਕੋਈ ਹੋਰ ਸਾਧਨ ਨਹੀਂ ਹੈ
- ਤੁਹਾਨੂੰ ਐੱਮ ਐੱਸ ਪੀ ਪ੍ਰੀਮੀਅਮ ਅਸਿਸਟੈਂਸ ਮਿਲ ਰਹੀ ਹੈ, ਅਤੇ
- ਤੁਸੀਂ ਮੈਡੀਕਲ ਸਪਲਾਈ, ਮੈਡੀਕਲ ਸਾਜ਼-ਸਾਮਾਨ ਜਾਂ ਮੈਡੀਕਲ ਆਵਾਜਾਈ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ।

ਜੇ ਤੁਹਾਨੂੰ ਅਜੇ ਵੀ ਪੱਕਾ ਪਤਾ ਨਹੀਂ ਹੈ ਕਿ ਕੀ ਤੁਸੀਂ ਐੱਮ ਐੱਸ ਡੀ ਪੀ ਆਰ ਤੋਂ ਸਿਹਤ ਸਪਲੀਮੈਂਟਾਂ ਲਈ ਹੱਕਦਾਰ ਹੋ ਜਾਂ ਨਹੀਂ ਤਾਂ ਐੱਮ ਐੱਸ ਡੀ ਪੀ ਆਰ ਨਾਲ ਜਾਂ ਕਿਸੇ ਹਿਮਾਇਤੀ (ਐਡਵੋਕੇਟ) ਨਾਲ ਸੰਪਰਕ ਕਰੋ।

# ਸਿਹਤ ਸਪਲੀਮੈਂਟ ਜਿਹੜੇ ਤੁਸੀਂ ਲੈਣ ਦੇ ਯੋਗ ਹੋ ਸਕਦੇ ਹੋ

ਸਿਹਤ ਸਪਲੀਮੈਂਟਾਂ ਦੀਆਂ ਵੱਖ ਵੱਖ ਕਿਸਮਾਂ ਹਨ। ਕੁਝ ਲਈ ਐੱਮ ਐੱਸ ਡੀ ਪੀ ਆਰ ਤੋਂ ਪਹਿਲਾਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ। ਇਹ ਹਨ:

- ਮੈਡੀਕਲ ਸਰਵਿਸ ਪਲੈਨ (ਐੱਮ ਐੱਸ ਪੀ)*
- ਫਾਰਮਾਕੇਅਰ ਵਲੋਂ ਕਵਰ ਕੀਤੀਆਂ ਜਾਂਦੀਆਂ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ*
- ਡਾਕਟਰ ਦੀ ਪਰਚੀ ਨਾਲ ਬਾਲਗਾਂ ਲਈ ਹਰ 3 ਸਾਲਾਂ ਬਾਅਦ ਨਿਗ੍ਹਾ ਦੀਆਂ ਐਨਕਾਂ, ਜਾਂ ਨਿਰਭਰ ਬੱਚਿਆਂ ਲਈ ਹਰ ਸਾਲ*

*ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਉਪਰਲਾ ਹਰ ਵਿਅਕਤੀ ਇਸ ਕਵਰੇਜ ਲਈ ਹੱਕਦਾਰ ਹੈ।

## ਦੰਦਾਂ ਲਈ ਸਪਲੀਮੈਂਟ

### ਦੰਦਾਂ ਦੀਆਂ ਮੁਢਲੀਆਂ ਸੇਵਾਵਾਂ

ਇਹ ਸੇਵਾਵਾਂ ਫੀਸ ਦੇ ਅਲਾਊਂਸ ਮੁਤਾਬਕ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਇਹ ਪੈਸੇਫਿਕ ਬਲੂ ਕਰੌਸ ਵਲੋਂ ਚਲਾਈਆਂ ਜਾਂਦੀਆਂ ਹਨ। ਐੱਮ ਐੱਸ ਡੀ ਪੀ ਆਰ ਇਸ ਸੂਚੀ ਵਿਚ ਦਰਜ ਸੇਵਾਵਾਂ ਲਈ, ਦੱਸੀ ਗਈ ਮਾਤਰਾ ਵਿਚ ਹੀ ਖਰਚਾ ਦਿੰਦੀ ਹੈ। ਦੰਦਾਂ ਦੇ ਡਾਕਟਰ (ਡੈਂਟਿਸਟ) ਵਾਧੂ ਫੀਸ ਚਾਰਜ ਕਰ ਸਕਦੇ ਹਨ, ਜੇ ਉਨ੍ਹਾਂ ਨੂੰ ਲੱਗੇ ਕਿ ਐੱਮ ਐੱਸ ਡੀ ਪੀ ਆਰ ਦਾ ਰੇਟ ਘੱਟ ਹੈ।

- ਬਾਲਗ, 2 ਸਾਲਾਂ ਦੇ ਸਮੇਂ ਦੌਰਾਨ ਦੰਦਾਂ ਦੀ ਮੁਢਲੀ ਕਵਰੇਜ ਲਈ 1000 ਡਾਲਰ ਦੇ ਖਰਚੇ ਦੇ ਹੱਕਦਾਰ ਹਨ
- ਨਿਰਭਰ ਬੱਚਿਆਂ ਨੂੰ, 2 ਸਾਲਾਂ ਦੇ ਸਮੇਂ ਦੌਰਾਨ ਦੰਦਾਂ ਦੀ 2000 ਡਾਲਰ ਦੀ ਮੁਢਲੀ ਕਵਰੇਜ ਮਿਲਦੀ ਹੈ।

### ਦੰਦਾਂ ਦੇ ਹੋਰ ਸਪਲੀਮੈਂਟ

- ਕਰਾਊਨ ਅਤੇ ਬ੍ਰਿਜਵਰਕ ਸਪਲੀਮੈਂਟ: ਮਿਲ ਸਕਦਾ ਹੈ ਜੇ ਤੁਹਾਡੇ ਦੰਦਾਂ ਦੀ ਹਾਲਤ ਦੰਦਾਂ ਦੀ ਮੁਢਲੀ ਕਵਰੇਜ ਨਾਲ ਠੀਕ ਨਾ ਕੀਤੀ ਜਾ ਸਕਦੀ ਹੋਵੇ ਅਤੇ ਇਹ ਪੱਕਾ ਹੋ ਚੁੱਕਾ ਹੈ ਕਿ ਤੁਸੀਂ ਸਿਹਤ ਦੇ ਵੱਡੇ ਕਾਰਨਾਂ ਕਰਕੇ ਲਾਹੇ ਜਾਣ ਵਾਲੇ ਬਣਾਉਟੀ ਦੰਦ ਵਰਤਣ ਦੇ ਯੋਗ ਨਹੀਂ ਹੋ।
- ਬਣਾਉਟੀ ਦੰਦ: ਜੇ ਕੁਝ ਖਾਸ ਸ਼ਰਤਾਂ ਪੂਰੀਆਂ ਹੋ ਰਹੀਆਂ ਹੋਣ ਤਾਂ ਪੂਰੇ ਅਤੇ ਅੰਸ਼ਕ ਬਣਾਉਟੀ ਦੰਦ ਪ੍ਰਦਾਨ ਕੀਤੇ ਜਾ ਸਕਦੇ ਹਨ ਜਾਂ ਬਦਲੇ ਜਾ ਸਕਦੇ ਹਨ। ਇਨ੍ਹਾਂ ਸ਼ਰਤਾਂ ਵਿਚ ਇਹ ਚੀਜ਼ਾਂ ਸ਼ਾਮਲ ਹਨ ਕਿ ਕੀ ਪਿਛਲੇ ਛੇ ਮਹੀਨਿਆਂ ਵਿਚ ਤੁਹਾਡੇ ਦੰਦ ਕੱਢੇ ਗਏ ਸਨ ਜਾਂ ਕੀ ਤੁਸੀਂ ਘੱਟੋ ਘੱਟ ਦੋ ਸਾਲਾਂ ਲਈ ਅਸਿਸਟੈਂਸ 'ਤੇ ਸੀ। ਕੁਝ ਕੇਸਾਂ ਵਿਚ, ਐੱਮ ਐੱਸ ਡੀ ਪੀ ਆਰ ਬਣਾਉਟੀ ਦੰਦਾਂ ਲਈ 1000 ਡਾਲਰ ਦੀ ਦੰਦਾਂ ਦੀ ਮੁਢਲੀ ਕਵਰੇਜ ਤੋਂ ਜ਼ਿਆਦਾ ਪੈਸੇ ਦੇ ਸਕਦੀ ਹੈ। ਆਮ ਤੌਰ 'ਤੇ ਬਣਾਉਟੀ ਦੰਦਾਂ ਨੂੰ ਬਦਲਣ ਲਈ ਐੱਮ ਐੱਸ ਡੀ ਪੀ ਆਰ ਹਰ ਪੰਜ ਸਾਲਾਂ ਵਿਚ ਇਕ ਵਾਰੀ ਤੋਂ ਜ਼ਿਆਦਾ ਨਹੀਂ ਦੇਵੇਗੀ। ਪਰ ਹੈਲਥ ਅਸਿਸਟੈਂਸ ਬਰਾਂਚ ਪੰਜ ਸਾਲਾਂ ਦੇ ਨਿਯਮ ਵਿਚ ਛੋਟ ਨੂੰ ਪ੍ਰਵਾਨਗੀ ਦੇ ਸਕਦੀ ਹੈ ਜੇ ਬਣਾਉਟੀ ਦੰਦਾਂ ਦਾ ਗੁਆਚਣਾ ਜਾਂ ਨੁਕਸਾਨ ਹੋਣਾ ਤੁਹਾਡੇ ਕੰਟਰੋਲ ਤੋਂ ਬਾਹਰਾ ਸੀ ਅਤੇ ਸਿਹਤ ਸਮੱਸਿਆਵਾਂ ਤੋਂ ਬਚਣ ਲਈ ਨਵੇਂ ਬਣਾਉਟੀ ਦੰਦ ਜ਼ਰੂਰੀ ਹਨ।
- ਦਰਦ ਤੋਂ ਫੌਰੀ ਆਰਾਮ ਲਈ ਜਾਂ ਇਨਫੈਕਸ਼ਨ ਜਾਂ ਬਲੀਡਿੰਗ ਜਾਂ ਸਿਹਤ ਨੂੰ ਹੋਰ ਗੰਭੀਰ ਸਮੱਸਿਆਵਾਂ ਨੂੰ ਕੰਟਰੋਲ ਕਰਨ ਲਈ ਐਮਰਜੰਸੀ ਵਿਚ ਦੰਦਾਂ ਦੇ ਇਲਾਜ ਅਤੇ ਬਣਾਉਟੀ ਦੰਦਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।
- ਖਾਸ ਹਾਲਤਾਂ ਵਿਚ, ਦੰਦਾਂ ਦੇ ਡਾਕਟਰ ਦੇ ਦਫਤਰ ਵਿਚ ਮਾਸ ਸੁਲਾਉਣ ਜਾਂ ਖੂਨ ਦੀ ਨਾੜੀ ਰਾਹੀਂ ਸ਼ਾਂਤ ਕਰਨ ਦਾ ਖਰਚਾ ਪ੍ਰਵਾਨ ਕੀਤਾ ਜਾ ਸਕਦਾ ਹੈ।
- ਦੰਦਾਂ ਨੂੰ ਠੀਕ ਕਰਨ ਦੀਆਂ ਸੇਵਾਵਾਂ ਕਵਰ ਹੋ ਸਕਦੀਆਂ ਹਨ ਜੇ ਔਰਥੋਡੌਨਟਿਸਟ ਹੱਕਦਾਰੀ ਦੀਆਂ ਸਖਤ ਸ਼ਰਤਾਂ ਦੀ ਪੁਸ਼ਟੀ ਕਰਦਾ ਹੈ।

# ਹੋਰ ਸਿਹਤ ਸਪਲੀਮੈਂਟ

ਤੁਹਾਨੂੰ ਅੱਗੇ ਲਿਖੇ ਸਪਲੀਮੈਂਟਾਂ ਬਾਰੇ ਐੱਮ ਐੱਸ ਡੀ ਪੀ ਆਰ ਨਾਲ ਗੱਲ ਕਰਨੀ ਚਾਹੀਦੀ ਹੈ। ਇਨ੍ਹਾਂ ਲਈ ਯੋਗ ਹੋਣ ਲਈ ਤੁਹਾਡੇ ਤੋਂ ਮੈਡੀਕਲ ਜਾਣਕਾਰੀ ਦੀ ਮੰਗ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿੱਚੋਂ ਕੁਝ ਤੁਹਾਡੇ ਤੋਂ ਵਿੱਤੀ ਜਾਣਕਾਰੀ ਦੀ ਮੰਗ ਵੀ ਕਰਦੇ ਹਨ।

## ਨਜ਼ਰ ਨਾਲ ਸੰਬੰਧਿਤ

### ਅੱਖਾਂ ਦੀ ਜਾਂਚ

- ਐੱਮ ਐੱਸ ਡੀ ਪੀ ਆਰ ਹਰ ਦੋ ਸਾਲਾਂ ਬਾਅਦ ਓਪਟੋਮੀਟਰਿਸਟ ਵਲੋਂ ਜਾਂਚ ਲਈ 44 ਡਾਲਰ 83 ਸੈਂਟ ਅਤੇ ਓਪਥਾਮੌਲੋਜਿਸਟ ਵਲੋਂ ਜਾਂਚ ਲਈ 48 ਡਾਲਰ 90 ਸੈਂਟ ਦਿੰਦੀ ਹੈ। ਅੱਖਾਂ ਦੀ ਜਾਂਚ ਕਰਵਾਉਣ ਲਈ ਤੁਹਾਨੂੰ ਆਪਣੇ ਓਪਟੋਮੀਟਰਿਸਟ ਜਾਂ ਓਪਥਾਮੌਲੋਜਿਸਟ ਨੂੰ ਆਪਣਾ ਕੇਅਰ ਕਾਰਡ ਦੇਣ ਦੀ ਲੋੜ ਪਵੇਗੀ। ਜੇ ਤੁਹਾਡੀ ਕੋਈ ਖਾਸ ਮੈਡੀਕਲ ਹਾਲਤ ਹੋਵੇ ਤਾਂ ਐੱਮ ਐੱਸ ਪੀ ਜਾਂਚ ਦਾ ਪੂਰਾ ਖਰਚਾ ਦੇ ਸਕਦੀ ਹੈ। ਇਸ ਦੇ ਨਾਲ ਹੀ ਤੁਸੀਂ ਅੱਖਾਂ ਦੀ ਜਾਂਚ ਹਰ ਦੋ ਸਾਲਾਂ ਤੋਂ ਛੇਤੀ ਕਰਵਾਉਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਕਰਨ ਲਈ ਕਿ ਕੀ ਤੁਸੀਂ ਇਸ ਲਈ ਯੋਗ ਹੋ, ਆਪਣੇ ਓਪਥਾਮੌਲੋਜਿਸਟ ਜਾਂ ਓਪਟੋਮੀਟਰਿਸਟ ਤੋਂ ਚੈੱਕ ਕਰੋ।

### ਆਮ ਐਨਕਾਂ ਜਾਂ ਲੈਨਜ਼

- ਐੱਮ ਐੱਸ ਡੀ ਪੀ ਆਰ, ਬਾਲਗਾਂ ਲਈ ਹਰ ਤਿੰਨ ਸਾਲਾਂ ਬਾਅਦ ਜਾਂ ਬੱਚਿਆਂ ਲਈ ਸਾਲ ਵਿਚ ਇਕ ਵਾਰੀ, ਡਾਕਟਰ ਦੀ ਪਰਚੀ ਨਾਲ ਸਿੰਗਲ ਵਿਜ਼ਨ ਜਾਂ ਬਾਇ-ਫੋਕਲ ਲੈਨਜ਼ਾਂ ਅਤੇ ਫਰੇਮਾਂ ਦਾ ਖਰਚਾ ਦੇ ਸਕਦੀ ਹੈ।
- ਐਨਕਾਂ ਦੇ ਲੈਨਜ਼ ਹਰ ਤਿੰਨ ਸਾਲਾਂ ਦੀ ਬਜਾਏ ਜ਼ਿਆਦਾ ਵਾਰੀ: ਤੁਹਾਡੇ ਡਾਕਟਰ ਵਲੋਂ ਇਹ ਪੱਕਾ ਕੀਤਾ ਜਾਣਾ ਜ਼ਰੂਰੀ ਹੈ ਕਿ ਤੁਹਾਡੀ ਕੋਈ ਖਾਸ ਮੈਡੀਕਲ ਹਾਲਤ ਹੈ, ਉਦਾਹਰਣ ਲਈ, ਸ਼ੂਗਰ ਅਤੇ ਤੁਹਾਡੇ ਓਪਥਾਮੌਲੋਜਿਸਟ ਜਾਂ ਓਪਟੋਮੀਟਰਿਸਟ ਵਲੋਂ ਇਹ ਤਸਦੀਕ ਕੀਤੀ ਜਾਣੀ ਜ਼ਰੂਰੀ ਹੈ ਕਿ ਤੁਹਾਨੂੰ ਨਵੀਂਆਂ ਐਨਕਾਂ ਦੀ ਲੋੜ ਹੈ।
- ਐਨਕਾਂ ਦੀ ਮੁਰੰਮਤ।
- ਖਾਸ ਐਨਕਾਂ ਜਾਂ ਲੈਨਜ਼, ਜਿਵੇਂ ਕਿ ਕਾਲੇ ਕੀਤੇ ਸ਼ੀਸ਼ੇ ਜਾਂ ਕੌਨਟੈਕਟ ਲੈਨਜ਼, ਜੇ ਆਮ ਐਨਕਾਂ ਜਾਂ ਲੈਨਜ਼ ਤੁਹਾਡੀਆਂ ਲੋੜਾਂ ਪੂਰੀਆਂ ਨਹੀਂ ਕਰਦੇ। ਐਨਕਾਂ ਲਈ ਤੁਹਾਡੀ ਲੋੜ ਤੁਹਾਡੇ ਓਪਥਾਮੌਲੋਜਿਸਟ ਜਾਂ ਓਪਟੋਮੀਟਰਿਸਟ ਵਲੋਂ ਪੱਕੀ ਕੀਤੀ ਜਾਣੀ ਅਤੇ ਹੈਲਥ ਅਸਿਸਟੈਂਸ ਬਰਾਂਚ ਵਲੋਂ ਪਹਿਲਾਂ ਮਨਜ਼ੂਰੀ ਕੀਤੀ ਜਾਣੀ ਜ਼ਰੂਰੀ ਹੈ।

## ਮੈਡੀਕਲ ਸਪਲਾਈ

ਐੱਮ ਐੱਸ ਡੀ ਪੀ ਆਰ ਮੈਡੀਕਲ ਜਾਂ ਸਰਜੀਕਲ ਸਪਲਾਈ ਲਈ ਖਰਚਾ ਦੇ ਸਕਦੀ ਹੈ, ਜੇ ਇਨ੍ਹਾਂ ਦੀ ਲੋੜ ਅੱਗੇ ਲਿਖਿਆਂ ਵਿੱਚੋਂ ਕਿਸੇ ਮੰਤਵ ਲਈ ਹੈ:

- ਜ਼ਖਮ ਦੀ ਸੰਭਾਲ
- ਪਖਾਨੇ ਜਾਣ ਦੀ ਲਗਾਤਾਰ ਸੰਭਾਲ
- ਪਿਸ਼ਾਬ ਲਈ ਨਾਲੀ
- ਕੰਟਰੋਲ ਨਾ ਕਰ ਹੋਣਾ
- ਚਮੜੀ ਉਪਰਲੇ ਕਿਸੇ ਜਰਾਸੀਮ ਦੀ ਸੰਭਾਲ
- ਕਿਸੇ ਅੰਗ ਦੀ ਸੰਭਾਲ।

ਮੈਡੀਕਲ ਸਪਲਾਈ ਵਿਚ ਲੈਂਸੈਟਸ, ਸੂਈਆਂ ਅਤੇ ਸਰਿੰਜਾਂ, ਵੈਂਟੀਲੇਟਰ ਸਪਲਾਈ ਅਤੇ ਟ੍ਰੈਕੀਓਸਟੋਮੀ ਸਪਲਾਈ ਵੀ ਸ਼ਾਮਲ ਹਨ।

ਇਹ ਸਪਲਾਈ ਲੈਣ ਲਈ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵਲੋਂ ਲਿਖ ਕੇ ਦਿੱਤਾ ਗਿਆ ਹੋਣਾ ਜ਼ਰੂਰੀ ਹੈ, ਇਸ ਦਾ ਸਭ ਤੋਂ ਸਸਤੀ ਢੁਕਵੀਂ ਸਪਲਾਈ ਹੋਣਾ ਜ਼ਰੂਰੀ ਹੈ ਅਤੇ ਇਹ ਸਿਹਤ ਨੂੰ ਫੌਰੀ ਅਤੇ ਵੱਡੇ ਖਤਰੇ ਤੋਂ ਬਚਾਉਣ ਵਾਲੀ ਹੋਣੀ ਜ਼ਰੂਰੀ ਹੈ। ਅਤੇ, ਤੁਹਾਡੇ ਕੋਲ ਕੋਈ ਹੋਰ ਸਾਧਨ ਮੌਜੂਦ ਨਾ ਹੋਣਾ ਜ਼ਰੂਰੀ ਹੈ। ਐੱਮ ਐੱਸ ਡੀ ਪੀ ਆਰ ਖੁਰਾਕੀ ਤੱਤਾਂ ਵਾਲੀਆਂ ਚੀਜ਼ਾਂ ਜਾਂ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਨੂੰ ਮੈਡੀਕਲ ਸਪਲਾਈ ਨਹੀਂ ਸਮਝਦੀ।

## ਮੈਡੀਕਲ ਸਾਜ਼-ਸਾਮਾਨ ਅਤੇ ਯੰਤਰ

ਐੱਮ ਐੱਸ ਡੀ ਪੀ ਆਰ ਕੁਝ ਖਾਸ ਮੈਡੀਕਲ ਸਾਜ਼-ਸਾਮਾਨ ਅਤੇ ਯੰਤਰਾਂ ਦਾ ਖਰਚਾ ਦੇ ਸਕਦੀ ਹੈ, ਜੇ ਅੱਗੇ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ:

- ਖਰਚਾ ਮਨਿਸਟਰੀ ਵਲੋਂ ਅਗਾਊਂ ਮਨਜ਼ੂਰ ਕੀਤਾ ਗਿਆ ਹੈ
- ਕੋਈ ਹੋਰ ਸਾਧਨ ਮੌਜੂਦ ਨਹੀਂ ਹੈ
- ਸਾਜ਼-ਸਾਮਾਨ ਸਭ ਤੋਂ ਸਸਤਾ ਢੁਕਵਾਂ ਮੈਡੀਕਲ ਸਾਜ਼-ਸਾਮਾਨ ਹੈ।

ਬਹੁਤੀਆਂ ਹਾਲਤਾਂ ਵਿਚ, ਐੱਮ ਐੱਸ ਡੀ ਪੀ ਆਰ, ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤੋਂ ਪਰਚੀ ਦੀ ਮੰਗ ਕਰੇਗੀ ਅਤੇ/ਜਾਂ ਕਿਸੇ ਸਿਹਤ ਮਾਹਰ ਦੀ ਰਿਪੋਰਟ ਮੰਗੇਗੀ, ਜਿਵੇਂ ਕਿ ਆਕੂਪੇਸ਼ਨਲ ਥੈਰਾਪਿਸਟ ਜਾਂ ਫਿਜ਼ੀਕਲ ਥੈਰਾਪਿਸਟ।

ਐੱਮ ਐੱਸ ਡੀ ਪੀ ਆਰ ਸਾਜ਼-ਸਾਮਾਨ ਖਰੀਦ ਕੇ ਦੇ ਸਕਦੀ ਹੈ ਜਾਂ ਬਦਲ ਸਕਦੀ ਹੈ, ਪਰ ਉਨ੍ਹਾਂ ਲਈ ਸਾਜ਼-ਸਾਮਾਨ ਬਦਲਣਾ ਜਾਂ ਰਿਪੇਅਰ ਕਰਨਾ ਜ਼ਰੂਰੀ ਨਹੀਂ ਹੈ ਜੇ ਉਨ੍ਹਾਂ ਨੂੰ ਲੱਗੇ ਕਿ ਇਹ ਗਲਤ ਵਰਤੋਂ ਕਾਰਨ ਖਰਾਬ ਹੋਇਆ ਹੈ।

ਐੱਮ ਐੱਸ ਡੀ ਅੱਗੇ ਲਿਖੇ ਸਾਜ਼-ਸਾਮਾਨ ਅਤੇ ਯੰਤਰਾਂ ਦਾ ਖਰਚਾ ਦੇ ਸਕਦੀ ਹੈ:

1. ਸੋਟੀਆਂ, ਫਹੁੜੀਆਂ ਅਤੇ ਵਾਕਰ
2. ਵੀਲਚੇਅਰਾਂ
3. ਵੀਲਚੇਅਰ ’ਤੇ ਬਹਿਣ ਦੇ ਸਿਸਟਮ
4. ਸਕੂਟਰ
5. ਨਹਾਉਣ ਅਤੇ ਟੋਆਇਲਿਟ ਜਾਣ ਵਿਚ ਮਦਦ ਕਰਨ ਵਾਲੀਆਂ ਚੀਜ਼ਾਂ
6. ਹਸਪਤਾਲ ਬੈੱਡ
7. ਪਰੈਸ਼ਰ ਘਟਾਉਣ ਵਾਲੇ ਮੈਟਰੈਸ
8. ਫਰਸ਼ ਜਾਂ ਸੀਲਿੰਗ ਲਿਫਟ ਯੰਤਰ
9. ਪੌਜ਼ਟਿਵ ਏਅਰਵੇਅ ਪਰੈਸ਼ਰ ਯੰਤਰ (ਜਿਵੇਂ ਸੀ ਪੈਪ ਮਸ਼ੀਨਾਂ ਅਤੇ ਨੈਬੀਓਲਾਈਜ਼ਰਜ਼)
10. ਔਰਥੋਸੀਸ (ਪੈਰਾਂ ਦੇ ਜੋੜਾਂ ਲਈ ਮੇਚ ਦੀਆਂ ਬਣਾਈਆਂ ਚੀਜ਼ਾਂ, ਮੇਚ ਦੀਆਂ ਜੁੱਤੀਆਂ, ਜੁੱਤੀ ਵਿਚ ਕੋਈ ਪੱਕੀ ਸੋਧ, ਸ਼ੈਲਫ ਤੋਂ ਲਈ ਜਾਣ ਵਾਲੀ ਔਰਥੋਪੀਡਕ ਜੁੱਤੀ, ਗਿੱਟੇ ਲਈ ਬਰੇਸ, ਗਿੱਟੇ-ਪੈਰ ਲਈ ਸਹਾਇਕ ਚੀਜ਼, ਗੋਡੇ-ਗਿੱਟੇ-ਪੈਰ ਲਈ ਸਹਾਇਕ ਚੀਜ਼, ਗੋਡੇ ਲਈ ਪੱਟੀ, ਉਪਰਲੇ ਪਾਸੇ ਲਈ ਬਰੇਸ, ਖੋਪੜੀ ਲਈ ਹੈਲਮਿਟ, ਸਰੀਰ ਦੇ ਉਪਰਲੇ ਹਿੱਸੇ ਲਈ ਜਾਂ ਰੀੜ੍ਹ ਦੀ ਹੱਡੀ ਲਈ ਪੱਟੀ)
11. ਸੁਣਨ ਵਿਚ ਮਦਦ ਕਰਨ ਵਾਲੇ ਯੰਤਰ
12. ਗੈਰ-ਰਵਾਇਤੀ ਗੁਲੂਕੋਜ਼ ਮੀਟਰ।

ਸਾਜ਼-ਸਾਮਾਨ ਅਤੇ ਯੰਤਰਾਂ ਦੀਆਂ ਉਪਰ ਲਿਖੀਆਂ ਕੁਝ ਸ਼੍ਰੇਣੀਆਂ ਲਈ ਐੱਮ ਐੱਸ ਡੀ ਪੀ ਆਰ ਨੇ ਖਰਚੇ ਦੀਆਂ ਹੱਦਾਂ (ਜਿਵੇਂ ਕਿ ਉਹ ਮੇਚ ਦੀ ਬਣਾਈ ਹੋਈ ਜੁੱਤੀ ਦੇ ਇਕ ਜੋੜੇ ਲਈ 450 ਡਾਲਰ ਤੋਂ ਜ਼ਿਆਦਾ ਨਹੀਂ ਦੇਣਗੇ) ਅਤੇ ਤਬਦੀਲ ਕੀਤੇ ਜਾਣ ਦੇ ਸਮੇਂ ਦੀਆਂ ਹੱਦਾਂ (ਉਹ ਘੱਟੋ ਘੱਟ ਪੰਜ ਸਾਲ ਵੀਲਚੇਅਰ ਬਦਲ ਕੇ ਨਹੀਂ ਦੇਣਗੇ) ਵਰਗੀਆਂ ਹੋਰ ਪਾਬੰਦੀਆਂ ਵੀ ਲਾਈਆਂ ਹੋਈਆਂ ਹਨ।

## ਹੋਰ ਇਲਾਜ

- ਆਕੂਪੰਕਚਰ, ਕੈਰੋਪਰੈਕਟਿਕ, ਮਾਲਸ਼ ਨਾਲ ਇਲਾਜ, ਕੁਦਰਤੀ ਇਲਾਜ, ਫਿਜ਼ੀਓਥੈਰੇਪੀ ਜਾਂ ਪੈਰਾਂ ਦੇ ਇਲਾਜ ਲਈ ਵਿਜ਼ਟਾਂ: ਕਿਸੇ ਡਾਕਟਰ ਵਲੋਂ ਇਹ ਤਸਦੀਕ ਕੀਤਾ ਜਾਣਾ ਜ਼ਰੂਰੀ ਹੈ ਕਿ ਤੁਹਾਨੂੰ ਉਸ ਸਰਵਿਸ ਦੀ ਬਹੁਤ ਲੋੜ ਹੈ। ਤੁਹਾਡੇ ਵਲੋਂ ਮੈਡੀਕਲ ਸਰਵਿਸ ਪਲੈਨ ਅਧੀਨ ਪ੍ਰਵਾਨ 10 ਫੇਰੀਆਂ ਵਰਤ ਲਈਆਂ ਹੋਣਾ ਜ਼ਰੂਰੀ ਹੈ। ਮਨਿਸਟਰੀ ਇਕ ਸਾਲ ਦੇ ਸਮੇਂ ਵਿਚ 12 ਤੱਕ ਵਾਧੂ ਵਿਜ਼ਟਾਂ ਨੂੰ ਪ੍ਰਵਾਨਗੀ ਦੇ ਸਕਦੀ ਹੈ। ਐੱਮ ਐੱਸ ਡੀ ਪੀ ਆਰ ਉਨ੍ਹਾਂ ਪ੍ਰੈਕਟੀਸ਼ਨਰਾਂ ਦਾ ਪੂਰਾ ਖਰਚਾ ਕਵਰ ਨਹੀਂ ਕਰੇਗੀ ਜਿਹੜੇ ਪ੍ਰਤੀ ਵਿਜ਼ਟ 23 ਡਾਲਰ ਨਾਲੋਂ ਜ਼ਿਆਦਾ ਚਾਰਜ ਕਰਦੇ ਹਨ।

### ਮੈਡੀਕਲ ਆਵਾਜਾਈ

- ਜੇ ਤੁਹਾਡੇ ਕੋਲ ਮੈਡੀਕਲ ਅਪੌਇੰਟਮੈਂਟ ’ਤੇ ਜਾਣ ਦਾ ਕੋਈ ਹੋਰ ਸਾਧਨ ਨਹੀਂ ਹੈ ਤਾਂ ਮਨਿਸਟਰੀ ਡਾਕਟਰ ਦੇ ਦਫਤਰ, ਕਲੀਨਿਕ ਜਾਂ ਹਸਪਤਾਲ ਨੂੰ ਜਾਣ ਦਾ ਖਰਚਾ ਦੇ ਸਕਦੀ ਹੈ। ਤੁਹਾਡੀ ਅਪੌਇੰਟਮੈਂਟ ਤੋਂ ਪਹਿਲਾਂ ਮਨਿਸਟਰੀ ਲਈ ਇਹ ਖਰਚੇ ਚੁੱਕਣ ਲਈ ਸਹਿਮਤ ਹੋਣਾ ਜ਼ਰੂਰੀ ਹੈ। ਜੇ ਮੌਜੂਦ ਡਾਕਟਰੀ ਇਲਾਜ ਸ਼ਹਿਰ ਤੋਂ ਬਾਹਰ ਦੀ ਕਿਸੇ ਥਾਂ ’ਤੇ ਹੈ ਤਾਂ ਐੱਮ ਐੱਸ ਡੀ ਪੀ ਆਰ ਆਉਣ ਜਾਣ, ਖਾਣਿਆਂ ਅਤੇ ਰਿਹਾਇਸ਼ ਦਾ ਖਰਚਾ ਦੇ ਸਕਦੀ ਹੈ।
- ਮੀਲ ਭੱਤਾ – 0.36 ਡਾਲਰ ਪ੍ਰਤੀ ਕਿਲੋਮੀਟਰ ਅਤੇ ਖਾਣੇ – 8 ਡਾਲਰ ਪ੍ਰਤੀ ਖਾਣਾ

### ਸ਼ਰਾਬ ਅਤੇ ਨਸ਼ਿਆਂ ਦੇ ਇਲਾਜ ਲਈ ਸਪਲੀਮੈਂਟ

ਸਾਲ ਵਿਚ 500 ਡਾਲਰ ਤੱਕ, ਸ਼ਰਾਬ ਅਤੇ ਨਸ਼ੇ ਛੁਡਾਊ ਸਲਾਹ-ਮਸ਼ਵਰੇ ਅਤੇ ਇਲਾਜ ਦੀਆਂ ਸੇਵਾਵਾਂ ਲਈ ਦਿੱਤੇ ਜਾ ਸਕਦੇ ਹਨ।

## ਖੁਰਾਕ ਲਈ ਮਹੀਨਾਵਾਰ ਸਪਲੀਮੈਂਟ

ਖੁਰਾਕ ਲਈ ਮਹੀਨਾਵਾਰ ਨੌਂ ਸਪਲੀਮੈਂਟ ਹਨ ਜਿਨ੍ਹਾਂ ਲਈ ਤੁਸੀਂ ਹੱਕਦਾਰ ਹੋ ਸਕਦੇ ਹੋ। ਇਨ੍ਹਾਂ ਸਪਲੀਮੈਂਟਾਂ ਲਈ ਕੋਈ ਖਾਸ ਐਪਲੀਕੇਸ਼ਨ ਫਾਰਮ ਨਹੀਂ ਹੈ। ਹੱਕਦਾਰ ਹੋਣ ਲਈ, ਤੁਹਾਡੇ ਡਾਕਟਰ ਵਲੋਂ ਲਿਖਤੀ ਰੂਪ ਵਿਚ ਇਹ ਦੱਸਿਆ ਜਾਣਾ ਜ਼ਰੂਰੀ ਹੈ ਕਿ ਤੁਹਾਡੀ ਮੈਡੀਕਲ ਹਾਲਤ ਕੀ ਹੈ, ਤੁਹਾਨੂੰ ਕਿਸ ਕਿਸਮ ਦੀ ਖੁਰਾਕ ਦੀ ਲੋੜ ਹੈ ਅਤੇ ਤੁਹਾਨੂੰ ਕਿੰਨਾ ਚਿਰ ਲੋੜ ਹੈ। ਐੱਮ ਐੱਸ ਡੀ ਪੀ ਆਰ ਤੁਹਾਨੂੰ ਹਰ 12 ਮਹੀਨਿਆਂ ਜਾਂ 24 ਮਹੀਨਿਆਂ ਵਿਚ ਦੁਬਾਰਾ ਬੇਨਤੀ ਕਰਨ ਲਈ ਕਹਿ ਸਕਦੀ ਹੈ। ਐੱਮ ਐੱਸ ਡੀ ਪੀ ਆਰ ਇਕ ਵੇਲੇ ਕਿਉਂਕਿ ਇਕ ਖੁਰਾਕ ਸਪਲੀਮੈਂਟ ਲਈ ਹੀ ਪੈਸੇ ਦੇਵੇਗੀ, ਇਸ ਕਰਕੇ ਉਸ ਸਭ ਤੋਂ ਵੱਡੇ ਖੁਰਾਕ ਅਲਾਉਂਸ ਲਈ ਅਪਲਾਈ ਕਰੋ ਜਿਸ ਲਈ ਤੁਸੀਂ ਆਪਣੇ ਆਪ ਨੂੰ ਹੱਕਦਾਰ ਸਮਝਦੇ ਹੋ।

ਸਪਲੀਮੈਂਟਾਂ ਅਤੇ ਉਨ੍ਹਾਂ ਲਈ ਖਾਸ ਸ਼ਰਤਾਂ ਇਹ ਹਨ:

1. **ਜ਼ਿਆਦਾ ਪ੍ਰੋਟੀਨ ਵਾਲੀ ਖੁਰਾਕ:** ਤੁਸੀਂ 40 ਡਾਲਰ ਮਹੀਨੇ ਦੀ ਜ਼ਿਆਦਾ ਪ੍ਰੋਟੀਨ ਵਾਲੀ ਖੁਰਾਕ ਦੇ ਸਪਲੀਮੈਂਟ ਲਈ ਹੱਕਦਾਰ ਹੋ ਸਕਦੇ ਹੋ। ਹੱਕਦਾਰ ਹੋਣ ਲਈ, ਤੁਹਾਡੇ ਡਾਕਟਰ ਵਲੋਂ ਇਹ ਕਿਹਾ ਜਾਣਾ ਜ਼ਰੂਰੀ ਹੈ ਕਿ ਤੁਹਾਨੂੰ ਅੱਗੇ ਲਿਖਿਆਂ ਵਿੱਚੋਂ ਇਕ ਜਾਂ ਜ਼ਿਆਦਾ ਬੀਮਾਰੀਆਂ ਹਨ:

- ਕੈਂਸਰ (ਜੇ ਤੁਸੀਂ ਥੈਰੇਪੀ ਜਾਂ ਇਲਾਜ ਕਰਵਾ ਰਹੇ ਹੋ)
- ਕਰੌਨਿਕ ਬੈਕਟੀਰੀਅਲ ਇਨਫੈਕਸ਼ਨ
- ਕਰੌਨਿਕ ਇਨਫਲਾਮੇਟਰੀ ਬਾਉਅਲ ਡਿਜ਼ੀਜ਼ (ਅੰਤੜੀਆਂ ਦੀ ਸੋਜ ਦੀ ਬੀਮਾਰੀ)
- ਕਰੋਹਿਨਜ਼ ਡਿਜ਼ੀਜ਼
- ਹੈਪੇਟਾਈਟਸ ਬੀ ਜਾਂ ਸੀ
- ਐੱਚ ਆਈ ਵੀ/ਏਡਜ਼
- ਹਾਈਪਰਥਾਇਰੋਈਡਿਜ਼ਮ
- ਓਸਟੀਓਪ੍ਰੋਸਿਸ
- ਟੀ ਬੀ
- ਅਲਸਰੇਟਿਵ ਕੋਲਾਈਟਿਸ

ਤੁਸੀਂ ਸਪਲੀਮੈਂਟ ਲਈ ਤਾਂ ਵੀ ਯੋਗ ਹੋ ਸਕਦੇ ਹੋ ਜੇ ਤੁਹਾਡਾ ਡਾਕਟਰ, ਡਾਇਟੀਸ਼ਨ ਜਾਂ ਖੁਰਾਕ-ਮਾਹਰ ਇਹ ਕਹਿੰਦਾ ਹੈ ਕਿ ਤੁਹਾਨੂੰ ਇਨ੍ਹਾਂ ਵਿੱਚੋਂ ਕਿਸੇ ਦੀ ਲੋੜ ਹੈ:

2. **ਗਲੂਟਿਨ-ਮੁਕਤ ਖੁਰਾਕ** (ਹਰ ਮਹੀਨੇ 65 ਡਾਲਰ)
3. **ਘੱਟ ਸੋਡੀਅਮ ਵਾਲੀ ਖੁਰਾਕ** (ਹਰ ਮਹੀਨੇ 15 ਡਾਲਰ)
4. **ਕੈਟੋਜੈਨਿਕ ਖੁਰਾਕ** (ਹਰ ਮਹੀਨੇ 65 ਡਾਲਰ)
5. **ਫੈਨੀਲਾਲਾਨੀਨ ਖੁਰਾਕ** (ਹਰ ਮਹੀਨੇ 65 ਡਾਲਰ)

ਜਾਂ, ਜੇ ਤੁਹਾਨੂੰ ਅੱਗੇ ਲਿਖਿਆਂ ਵਿੱਚੋਂ ਕੋਈ ਬੀਮਾਰੀ ਹੈ:

6. **ਸਿਸਟਕ ਫਾਇਬਰੋਸਿਸ** (ਹਰ ਮਹੀਨੇ 80 ਡਾਲਰ)
7. **ਸ਼ੂਗਰ** (ਹਰ ਮਹੀਨੇ 60 ਡਾਲਰ)
8. **ਡਿਸਫੇਜੀਆ** (ਹਰ ਮਹੀਨੇ 60 ਡਾਲਰ)
9. **ਗੁਰਦੇ ਦਾ ਡਾਇਆਲਿਸਸ** (ਹਰ ਮਹੀਨੇ 50 ਡਾਲਰ)

# ਮਹੀਨਾਵਾਰ ਖੁਰਾਕੀ ਸਪਲੀਮੈਂਟ (ਐੱਮ ਐੱਨ ਐੱਸ)

ਤੁਸੀਂ ਹਰ ਮਹੀਨੇ 225 ਡਾਲਰ ਤੱਕ ਦਾ ਮਹੀਨਾਵਾਰ ਖੁਰਾਕੀ (ਨਿਊਟਰੀਸ਼ਨਲ) ਸਪਲੀਮੈਂਟ ਲੈਣ ਦੇ ਹੱਕਦਾਰ ਵੀ ਹੋ ਸਕਦੇ ਹੋ, ਜੇ ਤੁਸੀਂ ਪੀ ਡਬਲਯੂ ਡੀ ਲੈ ਰਹੇ ਹੋ – ਪੀ ਪੀ ਐੱਮ ਬੀ ਲੈ ਰਹੇ ਲੋਕ ਇਸ ਦੇ ਹੱਕਦਾਰ ਨਹੀਂ ਹਨ। ਖੁਰਾਕੀ ਸਪਲੀਮੈਂਟ ਨੂੰ ਹਰ ਮਹੀਨੇ ਦੇ ਕੁੱਲ 225 ਡਾਲਰਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ:

1. **ਖੁਰਾਕੀ ਚੀਜ਼ਾਂ:** 180 ਡਾਲਰ। ਭੱਤੇ ਦਾ ਇਹ ਹਿੱਸਾ ਸਿਰਫ ਤਾਂ ਹੀ ਦਿੱਤਾ ਜਾਵੇਗਾ ਜੇ ਤੁਹਾਨੂੰ ਆਪਣੀ ਆਮ ਖੁਰਾਕ ਵਿਚ ਵਾਧੇ ਦੀ ਲੋੜ ਹੈ। ਤੁਸੀਂ ਇਹ ਸਪਲੀਮੈਂਟ ਅਤੇ ਖੁਰਾਕ ਸਪਲੀਮੈਂਟ ਦੋਨੋਂ ਨਹੀਂ ਲੈ ਸਕਦੇ (ਜਿਵੇਂ ਜ਼ਿਆਦਾ ਪ੍ਰੋਟੀਨ ਵਾਲੀ ਖੁਰਾਕ)।
2. **ਵਿਟਾਮਿਨ ਜਾਂ ਮਿਨਰਲ ਸਪਲੀਮੈਂਟ:** 45 ਡਾਲਰ

ਖੁਰਾਕੀ ਅਲਾਊਂਸ ਲੈਣ ਲਈ ਤੁਹਾਨੂੰ ਕੋਈ ਪੁਰਾਣੀ ਅਤੇ ਵਧ ਰਹੀ ਬੀਮਾਰੀ ਹੋਣਾ ਜ਼ਰੂਰੀ ਹੈ ਜਿਸ ਦੀਆਂ ਘੱਟੋ ਘੱਟ ਇਹ ਦੋ ਨਿਸ਼ਾਨੀਆਂ ਜ਼ਰੂਰ ਹੋਣ:

- ਕਿਸੇ ਜੀਵਨਮਈ ਅੰਗ ਦਾ ਬਹੁਤ ਖਰਾਬ ਹੋਣਾ
- ਇਮਿਊਨ ਦਾ ਦਬਾਇਆ ਜਾਣਾ (ਦਰਮਿਆਨੇ ਤੋਂ ਗੰਭੀਰ)
- ਅਪੂਰਨ ਖੁਰਾਕ
- ਪੱਠਿਆਂ ਦਾ ਬਹੁਤ ਜ਼ਿਆਦਾ ਨੁਕਸਾਨ
- ਦਿਮਾਗ ਵਿਚ ਮਹੱਤਵਪੂਰਨ ਵਿਗਾੜ
- ਬਹੁਤ ਜ਼ਿਆਦਾ ਭਾਰ ਘਟਣਾ
- ਘੱਟ ਭਾਰ ਵਾਲੇ ਹੋਣਾ।

ਖੁਰਾਕ ਵਾਲੀਆਂ ਚੀਜ਼ਾਂ ਜਾਂ ਵਿਟਾਮਿਨ/ਮਿਨਰਲ ਸਪਲੀਮੈਨਟੇਸ਼ਨ ਲਈ ਯੋਗ ਹੋਣ ਲਈ ਤੁਹਾਡੇ ਡਾਕਟਰ ਵਲੋਂ ਇਹ ਕਿਹਾ ਜਾਣਾ ਜ਼ਰੂਰੀ ਹੈ ਕਿ ਤੁਹਾਡੀ ਸਿਹਤ ਖਰਾਬ ਕਰਨ ਲਈ ਪਛਾਣੀਆਂ ਗਈਆਂ ਨਿਸ਼ਾਨੀਆਂ ਨੂੰ ਘੱਟ ਕਰਨ ਲਈ ਅਤੇ ਤੁਹਾਡੀ ਜ਼ਿੰਦਗੀ ਨੂੰ ਫੌਰੀ ਖਤਰੇ ਤੋਂ ਰੋਕਥਾਮ ਕਰਨ ਲਈ ਤੁਹਾਨੂੰ ਇਸ ਹਰ ਇਕ ਸਪਲੀਮੈਂਟ ਦੀ ਲੋੜ ਹੈ। ਇਸ ਦਾ ਮਤਲਬ ਹੈ ਕਿ ਤੁਹਾਡੀ ਸਿਹਤ ਖੁਰਾਕੀ ਸਪਲੀਮੈਂਟਾਂ ਤੋਂ ਬਿਨਾਂ ਬਹੁਤ ਜ਼ਿਆਦਾ ਖਰਾਬ ਹੋ ਜਾਵੇਗੀ। ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ ਅਤੇ ਮਹੀਨਾਵਾਰ ਖੁਰਾਕੀ ਸਪਲੀਮੈਂਟ ਲਈ ਐਪਲੀਕੇਸ਼ਨ ਫਾਰਮ ਮੰਗੋ। ਆਪਣੇ ਡਾਕਟਰ ਤੋਂ ਇਹ ਫਾਰਮ ਭਰਵਾਉ ਅਤੇ ਐੱਮ ਐੱਸ ਡੀ ਪੀ ਆਰ ਨੂੰ ਵਾਪਸ ਕਰੋ। ਜ਼ਿਆਦਾ ਜਾਣਕਾਰੀ ਲਈ, **ਹੈਲਪ ਸ਼ੀਟ 4, ਮਹੀਨਾਵਾਰ ਖੁਰਾਕੀ ਸਪਲੀਮੈਂਟ** ਦੇਖੋ।

# ਥੋੜ੍ਹੇ ਸਮੇਂ ਲਈ ਖੁਰਾਕੀ ਸਪਲੀਮੈਂਟ

ਇਹ ਸਪਲੀਮੈਂਟ ਖੁਰਾਕੀ ਸਪਲੀਮੈਂਟਾਂ ਵਾਲੀਆਂ ਵਸਤਾਂ ਜਿਵੇਂ ਕਿ ਇਨਸ਼ੋਅਰ ਜਾਂ ਬੂਸਟ ਤਿੰਨ ਮਹੀਨੇ ਦੇ ਸਮੇਂ ਲਈ ਪ੍ਰਦਾਨ ਕਰਦਾ ਹੈ। ਤੁਹਾਡੇ ਡਾਕਟਰ ਵਲੋਂ ਕੈਲਰੀ (ਖੁਰਾਕੀ) ਸਪਲੀਮੈਂਟ ਲਈ ਥੋੜ੍ਹੇ ਸਮੇਂ ਦੀ ਤੀਬਰ ਲੋੜ ਦੀ ਪੁਸ਼ਟੀ ਕੀਤੀ ਜਾਣੀ ਜ਼ਰੂਰੀ ਹੈ ਤਾਂ ਜੋ ਅੱਗੇ ਲਿਖਿਆਂ ਵਿੱਚੋਂ ਕਿਸੇ ਇਕ ਕਰਕੇ ਭਾਰ ਵਿਚ ਬਹੁਤ ਜ਼ਿਆਦਾ ਕਮੀ ਨੂੰ ਰੋਕਿਆ ਜਾ ਸਕੇ:

- ਗੰਭੀਰ ਬੀਮਾਰੀ
- ਗੰਭੀਰ ਸੱਟ
- ਸਰਜਰੀ
- ਇਲਾਜ ਦੇ ਸਾਈਡ ਇਫੈਕਟ।

## ਅਲਟਰਨੇਟਿਵ ਹੀਅਰਿੰਗ ਸਪਲੀਮੈਂਟ

ਐੱਮ ਐੱਸ ਡੀ ਪੀ ਆਰ ਦੋਨੋਂ ਕੰਨਾਂ ਵਿਚ ਪੱਕੇ ਗੰਭੀਰ ਬੋਲ਼ੇਪਣ ਵਾਲੇ ਉਨ੍ਹਾਂ ਲੋਕਾਂ ਲਈ ਪ੍ਰਤੀ ਮਹੀਨਾ 100 ਡਾਲਰ ਦੇ ਸਕਦੀ ਹੈ ਜਿਹੜੇ ਕਹੀ ਗਈ ਗੱਲ ਨੂੰ ਸਮਝਣ ਦੇ ਮੰਤਵਾਂ ਲਈ ਸੁਣਨ-ਯੰਤਰ ਦੀ ਵਰਤੋਂ ਤੋਂ ਕੋਈ ਵੱਡਾ ਫਾਇਦਾ ਨਹੀਂ ਲੈ ਸਕਦੇ। ਐਪਲੀਕੇਸ਼ਨ ਫਾਰਮ ਐੱਮ ਐੱਸ ਡੀ ਪੀ ਆਰ ਤੋਂ ਲਏ ਜਾ ਸਕਦੇ ਹਨ ਅਤੇ ਇਹ ਕਿਸੇ ਆਡੀਓਲੋਜਿਸਟ ਜਾਂ ਸੁਣਨ ਯੰਤਰਾਂ ਦੇ ਮਾਹਰ ਦੀ ਮਦਦ ਨਾਲ ਭਰੇ ਜਾਣੇ ਜ਼ਰੂਰੀ ਹਨ।

## ਨੇਟਲ ਸਪਲੀਮੈਂਟ

ਜੇ ਤੁਸੀਂ ਗਰਭਵਤੀ ਹੋ ਤਾਂ ਤੁਸੀਂ ਆਪਣੇ ਗਰਭ ਦੌਰਾਨ ਅਤੇ ਆਪਣੇ ਬੱਚੇ ਦੇ 12 ਮਹੀਨੇ ਦਾ ਹੋ ਜਾਣ ਤੱਕ ਨੇਟਲ ਅਲਾਊਂਸ ਲਈ ਹੱਕਦਾਰ ਹੋਵੋਗੇ। ਇਸ ਅਲਾਊਂਸ ਲਈ ਯੋਗ ਹੋਣ ਲਈ ਤੁਹਾਨੂੰ ਆਪਣੇ ਡਾਕਟਰ ਤੋਂ ਜਾਂ ਕਾਲਜ ਔਫ ਮਿਡਵਾਈਵਜ਼ ਨਾਲ ਰਜਿਸਟਰ ਕਿਸੇ ਮਿਡਵਾਈਫ ਤੋਂ ਤੁਹਾਡੇ ਗਰਭਵਤੀ ਹੋਣ ਦਾ ਸਬੂਤ ਦੇਣਾ ਪਵੇਗਾ। ਤੁਹਾਨੂੰ ਇਹ ਮਿਲੇਗਾ:

- ਮਹੀਨੇ ਦੇ 80 ਡਾਲਰ ਜੇ ਤੁਸੀਂ ਇਕ ਬੱਚੇ ਨਾਲ ਗਰਭਵਤੀ ਹੋ
- ਮਹੀਨੇ ਦੇ 160 ਡਾਲਰ ਜੇ ਤੁਸੀਂ ਇਕ ਬੱਚੇ ਨਾਲੋਂ ਜ਼ਿਆਦਾ ਬੱਚਿਆਂ ਨਾਲ ਗਰਭਵਤੀ ਹੋ।

## ਛੋਟੇ ਬੱਚਿਆਂ ਦਾ ਫਾਰਮੂਲਾ

ਐੱਮ ਐੱਸ ਡੀ ਪੀ ਆਰ 12 ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਲਈ ਇਨਫੈਂਟ ਫਾਰਮੂਲਾ ਦੇ ਸਕਦੀ ਹੈ ਜੇ:

- ਬੱਚੇ ਨੂੰ ਕੋਈ ਅਜਿਹੀ ਬੀਮਾਰੀ ਹੈ ਜਿਸ ਵਿਚ ਬੱਚਿਆਂ ਦੇ ਕਿਸੇ ਖਾਸ ਫਾਰਮੂਲੇ ਦੀ ਲੋੜ ਹੈ, ਜਾਂ
- ਬੱਚੇ ਨੂੰ ਆਪਣੀ ਮਾਂ ਦੇ ਦੁੱਧ ਤੋਂ ਕੋਈ ਬੀਮਾਰੀ ਲੱਗਣ ਦਾ ਖਤਰਾ ਹੈ।

## ਟਿਊਬ ਨਾਲ ਦਿੱਤੇ ਜਾਣ ਵਾਲੇ ਖੁਰਾਕੀ ਤੱਤ

ਐੱਮ ਐੱਸ ਡੀ ਪੀ ਉਨ੍ਹਾਂ ਲੋਕਾਂ ਨੂੰ ਖੁਰਾਕੀ ਤੱਤਾਂ ਵਾਲੀਆਂ ਵਸਤਾਂ ਦੇ ਸਕਦੀ ਹੈ ਜਿਨ੍ਹਾਂ ਦੀ ਖੁਰਾਕ ਦਾ ਮੁਢਲਾ ਸਰੋਤ ਟਿਊਬ ਨਾਲ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ ਹਨ।

# ਅਪੀਲ ਕਰਨ ਦਾ ਹੱਕ

ਸਿਹਤ ਲਈ ਇਨ੍ਹਾਂ ਚੀਜ਼ਾਂ ਅਤੇ ਸੇਵਾਵਾਂ ਵਿੱਚੋਂ ਕਿਸੇ ਲਈ ਵੀ ਜੇ ਤੁਹਾਡੀ ਐਪਲੀਕੇਸ਼ਨ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਹਾਨੂੰ ਅਪੀਲ ਕਰਨ ਦਾ ਹੱਕ ਹੈ। ਐਪਲੀਕੇਸ਼ਨ ਰੱਦ ਹੋਣ ਦਾ ਪਤਾ ਲੱਗਣ ਤੋਂ ਫੌਰਨ ਬਾਅਦ ਐੱਮ ਐੱਸ ਡੀ ਪੀ ਨਾਲ ਸੰਪਰਕ ਕਰੋ। ਤੁਸੀਂ ਆਪਣੀ ਅਪੀਲ ਦੇ ਸਬੰਧ ਵਿਚ ਕਿਸੇ ਹਿਮਾਇਤੀ (ਐਡਵੋਕੇਟ) ਦੀ ਮਦਦ ਵੀ ਲੈਣਾ ਚਾਹੁੰਦੇ ਹੋ ਸਕਦੇ ਹੋ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਊਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.